# ਭਾਗ 1:
# ਖ਼ੁਦਾ ਦੀ ਅਸੀਮਿਤਤਾ

ਸੋਚਣ ਦੇ ਲਈ ਅਸੀਂ ਤਸਵੀਰਾਂ ਜਾਂ ਸ਼ਬਦਾਂ ਤੇ ਵਿਚਾਰ ਕਰਦੇ ਹਾਂ। ਇਸਦੀ ਕੋਈ ਅਹਿਮੀਅਤ ਨਹੀਂ ਹੈ ਕਿ ਸਾਡੇ ਕੰਨਾਂ 'ਚ ਕੀ ਆਉਂਦਾ ਹੈ। ਕਿਉਂਕਿ ਤਸਵੀਰਾਂ ਅਤੇ ਸ਼ਬਦ ਦੋਵੇਂ ਹੀ ਇਸ ਗੱਲ ਦਾ ਪ੍ਰਤੀਕ ਹਨ ਕਿ ਸਮਝਣ ਜਾਂ ਸਮਝਾਉਣ ਦੀ ਕੋਸ਼ਿਸ਼ ਕਰ ਰਹੇ ਹੁੰਦੇ ਹਾਂ ਰੋਜ਼ਾਨਾ ਜ਼ਿੰਦਗੀ ਵਿਚ ਇਸ ਦੀ ਮਹੱਤਤਾ ਹੈ। ਪਰ ਅਜਿਹੀ ਕਿਸੇ ਚੀਜ਼ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਆਮ ਨਹੀਂ ਹੁੰਦੀ ਇਸ ਵਿਚ ਸਾਨੂੰ ਅਕਸਰ ਮੁਸ਼ਕਿਲ ਹੁੰਦੀ ਹੈ। ਕਿੰਨੀ ਵਾਰ ਅਸੀਂ ਆਖਦੇ ਹਾਂ, ''ਪਤਾ ਤਾਂ ਹੈ, ਪਰ ਮੈਂ ਦੱਸ ਨਹੀਂ ਸਕਦਾ''? ਹਾਲਾਤ ਇਸ ਵੱਲ ਹੋਰ ਵੀ ਔਖੇ ਹੋ ਜਾਂਦੇ ਹਨ ਜਦ ਅਸੀਂ ਕਿਸੇ ਅਜਿਹੀ ਚੀਜ਼ ਨਾਲ ਵਿਹਾਰ ਕਰ ਰਹੇ ਹੁੰਦੇ ਹਾਂ ਜੋ ਖਾਸ ਅਤੇ ਇੰਨੀ ਵਿਆਪਕ ਹੁੰਦੀ ਹੈ ਕਿ ਸਾਨੂੰ ਡਰ ਰਹਿੰਦਾ ਹੈ ਕਿ ਅਸੀਂ ਇਸ ਨਾਲ ਟਾਲ-ਮਟੋਲ ਤਾਂ ਨਹੀਂ ਕਰ ਰਹੇ!

ਖ਼ੁਦਾ ਬਾਰੇ ਗੱਲ ਕਰਨਾ ਇਸੇ ਲਈ ਮੁਸ਼ਕਿਲ ਹੈ। ਜਦ ਤਕ ਅਸੀਂ ਆਮ ਗੱਲਬਾਤ ਅਰਥਾਤ ਰੋਜ਼ ਦੇ ਤਜਰਬਿਆਂ ਅਤੇ ਖ਼ਾਨਦਾਨੀ ਸ਼ਬਦਾਂ ਤੋਂ ਬਾਹਰ ਨਹੀਂ ਨਿੱਕਲਦੇ ਤਦ ਤਕ ਅਸੀਂ ਅੱਗੇ ਨਹੀਂ ਵਧ ਸਕਦੇ। ਜਿਵੇਂ-ਜਿਵੇਂ ਸਾਡੇ ਵਿਚਾਰਾਂ ਦਾ ਦਾਇਰਾ ਵੱਧਦਾ ਜਾਂਦਾ ਹੈ ਸਾਨੂੰ ਵੱਡੇ ਅਤੇ ਜ਼ਿਆਦਾ ਵਿਸਤਾਰ ਵਾਲੇ ਸ਼ਬਦਾਂ ਦੀ ਵਰਤੋਂ ਕਰਨਾ ਜ਼ਰੂਰੀ ਲਗਦਾ ਹੈ। ਇਸ ਨਾਲ ਖ਼ੁਦਾ ਬਾਰੇ ਚਰਚਾ ਵਧੇਰੇ ਪ੍ਰਭਾਵਸ਼ਾਲੀ ਅਤੇ ''ਥਿਓਲੋਜੀਕਲ''(ਧਰਮਸ਼ਾਸਤਰੀ) ਬਣ ਜਾਂਦੀ ਹੈ। ਅਸੀਂ ਆਪਣੇ ਆਪ ਨੂੰ ਧਰਤੀ ਦੇ ਇਕ ਅਨੋਖੇ ਹਿੱਸੇ ਤੇ ਵੇਖਦੇ ਹਾਂ। ਇਸ ਨਾਲ ਇਕ ਕੌੜੀ-ਮਿੱਠੀ ਦੁਵਿਧਾ ਪਲ ਜਾਂਦੀ ਹੈ ਅਰਥਾਤ ਹੋ ਸਕਦਾ ਹੈ ਕਿ ਗੱਲਾਂ ਬਹੁਤ ਹੋਣ ਪਰ ਉਨ੍ਹਾਂ ਵਿੱਚੋਂ ਸਮਝ ਘੱਟ ਹੀ ਆਉਣ।

ਇਸ ਵੇਲੇ ਸਾਡੀ ਦਿਲਚਸਪੀ ਦਾ ਵਿਸ਼ਾ ਬਾਈਬਲ ਦੀ ਉਹ ਧਾਰਣਾ ਹੈ ਕਿ ਵਜੂਦ, ਇਲਮ ਅਤੇ ਸ਼ਕਤੀ ਵਿਚ ਖ਼ੁਦਾ ਅਸੀਮ ਹੈ। ਬਿਨਾ ਸ਼ੱਕ, ਇਸ ਨਾਲ ਖ਼ੁਦਾ ਦੇ ਵਜੂਦ ਨੂੰ ਮੰਨਿਆ ਜਾਂਦਾ ਹੈ। ਦੁਨੀਆਂ ਦੀ ਰਚਨਾ ਦੇ ਬਿਆਨ, ਉਤਪਤ ਦੀ ਕਿਤਾਬ ਵਿਚ ਖ਼ੁਦਾ ਦੇ ਵਜੂਦ ਜਾਂ ਉਹਦੀ ਹਕੀਕਤ ਦਾ ਤਰਕ ਦੇਣ ਵਿਚ ਬਹੁਤਾ ਸਮਾਂ ਨਹੀਂ ਲਾਇਆ ਅਰਥਾਤ ਇਸ ਨੂੰ ਸੰਖੇਪ ਵਿਚ ''ਆਦਿ ਵਿਚ ਪਰਮੇਸ਼ੁਰ ...'' (ਉਤਪਤ 1:1) ਹੀ ਦੱਸਿਆ ਗਿਆ ਹੈ। ਇਸ ਨਜ਼ਰੀਏ ਦਾ ਮਤਲਬ ਇਹ ਹੈ ਕਿ ਬਾਈਬਲ ਮੁੱਖ ਤੌਰ ਦੇ ਖ਼ੁਦਾ ਦੀ ਹੋਂਦ ਦੀ ਤਸਦੀਕ ਕਰਦੀ ਹੈ ਨਾ ਕਿ ਉਹਦੇ ਲਈ ਹਾਂ ਪੱਖੀ ਦਲੀਲ ਜਾਂ ਬਚਾਓ ਦੀ। ਸ਼ੁਰੂਆਤੀ ਪੁਆਇੰਟ ਦੇ ਰੂਪ ਵਿਚ ਖ਼ੁਦਾ ਦਾ ਪੱਖ ਦੱਸ ਕੇ ਬਾਈਬਲ ਦਾ ਲੇਖਕ ਉਹਦੇ ਸੁਭਾਅ ਦੀ ਰਚਨਾ ਕਰਨ ਲਈ ਅਜ਼ਾਦ ਸੀ।

ਉਹਦੇ ਸੁਭਾਅ ਦੀ ਬੁਨਿਆਦ ਉਹਦਾ ਵਜੂਦ ਹੈ। ਮੂਸਾ ਨੇ ਉਸਨੂੰ ਬਲਦੀ ਝਾੜੀ ਵਿਚ ਵੇਖਿਆ ਜਦ ਖ਼ੁਦਾ ਨੇ ਉਸਨੂੰ ਹੁਕਮ ਦਿੱਤਾ, ''ਮੈਂ ਹਾਂ ਨਾਮੀ ਨੇ ਮੈਨੂੰ ਘੱਲਿਆ ਹੈ'' (ਕੂਚ 3:14)। ਖ਼ੁਦਾ ਦੀ ਇਸ ਪਛਾਣ ਤੋਂ ਪਹਿਲਾਂ ਕੋਈ ਵਾਕਫ਼ ਨਹੀਂ ਸੀ (ਕੂਚ 6:2, 3)। ਆਪਣੇ ਆਪ ਵਜੂਦ ਰੱਖਣ ਵਾਲਾ ਇਹ ਖ਼ੁਦਾ ਬਾਈਬਲ ਦੇ ਲੇਖਕਾਂ ਕੋਲ ਆਪਣੇ ਅਸੀਮ ਵਜੂਦ, ਗਿਆਨ ਵਿਚ ਪ੍ਰਗਟ ਹੋਇਆ ਸੀ (ਜ਼ਬੂਰ 139:1-12; ਯਿਰਮਿਯਾਹ 32:17; ਮਰਕੁਸ 10:27)। ਇਸ ਲਈ ਹੁਣ ਅਸੀਂ ਇਨ੍ਹਾਂ ਤਿੰਨਾਂ ਗੁਣਾਂ ਤੇ ਚਰਚਾ ਕਰਾਂਗੇ।